ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ
Office of Corporate Relations & Alumni
PTU PUNJAB TECHNICAL UNIVERSITY
Estd. Under Punjab Technical University Act. 1996
(Punjab Act No. 1 of 1997)

Ref. No. IKGPTU/RO/CRA/55

Dated Dec 06, 2017

ਡਾਇਰੈਕਟਰ / ਪ੍ਰਿੰਸੀਪਲ / ਰਜਿਸਟਰਾਰ
ਸਮੂਹ ਮਾਨਤਾ ਪ੍ਰਾਪਤ ਕਾਲਜ ਅਤੇ ਯੂਨੀਵਰਸਿਟੀ ਕੈਂਪਸ
ਆਈ ਕੇ ਜੀ ਪੀ ਟੀ ਯੂ

ਵਿਸ਼ਾ:- ਰਾਜ ਪੱਧਰ ਦੇ ਜਾਬ ਮੇਲੇ ਦੇ ਸੰਬੰਧ ਵਿੱਚ ਪਲੇਂਸਮੈਂਟ ਅਫਸਰਾਂ ਦੀ ਮੀਟਿੰਗ ਸੰਬੰਧੀ।

ਸ਼੍ਰੀ ਮਾਨ ਜੀ,

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ ਦੇ ਦਫ਼ਤਰੀ ਹੁਕਮ ਨੰ: 4133-4140 ਮਿਤੀ: 09-11-17 ਦੇ ਅਨੁਸਾਰ ਪੰਜਾਬ ਰਾਜ ਵਿੱਚ ਫਰਵਰੀ 2018 ਵਿੱਚ ਰਾਜ ਪੱਧਰ ਦੇ ਜਾਬ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੰਬੰਧ ਵਿੱਚ ਮਾਨਤਾ ਪ੍ਰਾਪਤ ਕਾਲਜਾਂ ਦੇ ਪਲੇਂਸਮੈਂਟ ਅਫਸਰਾਂ ਦੀ ਅਤੀ ਜਰੂਰੀ ਮੀਟਿੰਗ ਯੂਨੀਵਰਸਿਟੀ ਕੈਂਪਸ ਕਪੂਰਥਲਾ, ਅਮ੍ਰਿਤਸਰ ਅਤੇ ਮੋਹਾਲੀ ਵਿੱਚ ਕਰਵਾਈ ਜਾ ਰਹੀ ਹੈ।ਇਹਨਾਂ ਮੀਟਿੰਗਾਂ ਵਿੱਚ ਜਾਬ ਮੇਲੇ ਦੀ ਯੋਜਨਾਬੰਦੀ ਅਤੇ ਆਯੋਜਨ ਬਾਰੇ ਵਿਸਥਾਰ ਨਾਲ ਵਿਚਾਰ ਕੀਤਾ ਜਾਵੇਗਾ।ਜਾਬ ਮੇਲੇ ਦੇ ਸੁਚਾਰੂ ਢੰਗ ਨਾਲ ਆਯੋਜਨ ਕਰਨ ਲਈ ਜ਼ਿਲਾ ਪੱਧਰ ਤੇ ਵੱਖ - ਵੱਖ ਕਮੇਟੀਆਂ ਦਾ ਗਠਨ ਵੀ ਕੀਤਾ ਜਾਵੇਗਾ।ਇਸ ਸੰਬੰਧ ਵਿੱਚ ਮੀਟਿੰਗਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| ਲੜੀ.ਨੰ | ਸਥਾਨ ਅਤੇ ਪਤਾ | ਜਿਲ੍ਹਾਂ | ਮਿਤੀ ਅਤੇ ਸਮਾਂ | ਰਜਿਸਟਰ ਕਰਨ ਦੀ ਆਖਰੀ ਮਿਤੀ |
|---|---|---|---|---|
| 1 | ਆਈ ਕੇ ਜੀ ਪੀ ਟੀ ਯੂ ਕੈਂਪਸ, ਅਮ੍ਰਿਤਸਰ *(ਪੋਲੀਟੈਕਨੀਕਲ ਕਾਲਜ, ਪੋਲੀਟੈਕਨੀਕਲ ਰੋਡ, ਅਮ੍ਰਿਤਸਰ)* | ਅਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਅਤੇ ਪਠਾਨਕੋਟ | ਦਸੰਬਰ 08,2017 (ਸਵੇਰੇ 11 ਵਜੇ) | ਦਸੰਬਰ 07, 2017 |
| 2 | ਆਈ ਕੇ ਜੀ ਪੀ ਟੀ ਯੂ ਕੈਂਪਸ, ਕਪੂਰਥਲਾ *(ਜਲੰਧਰ- ਕਪੂਰਥਲਾ ਰੋਡ, ਜਿਲ੍ਹਾਂ ਕਪੂਰਥਲਾ)* | ਜਲੰਧਰ, ਹੁਸ਼ਿਆਰਪੁਰ, ਫਗਵਾੜਾ ਅਤੇ ਕਪੂਰਥਲਾ | ਦਸੰਬਰ 12,2017 (ਸਵੇਰੇ 11 ਵਜੇ) | ਦਸੰਬਰ 11, 2017 |
| 3 | ਆਈ ਕੇ ਜੀ ਪੀ ਟੀ ਯੂ ਕੈਂਪਸ, ਮੋਹਾਲੀ *(C-102/B, ਫੇਸ VII, ਇੰਡਸਟ੍ਰੀਅਲ ਏਰੀਆ)*, ਮੋਹਾਲੀ | ਮੋਹਾਲੀ, ਨਵਾਂ ਸ਼ਹਿਰ, ਲੁਧਿਆਣਾ ਅਤੇ ਰੋਪੜ | ਦਸੰਬਰ 15,2017 (ਸਵੇਰੇ 11 ਵਜੇ) | ਦਸੰਬਰ 14, 2017 |

Ref. No. IKGPTU/RD/CRA/55 Dated Dec 06, 2017

ਇਸ ਸੰਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਕਾਲਜ ਦੇ ਪਲੇਸਮੈਂਟ ਅਫਸਰ ਨੂੰ (ਸੰਬੰਧਤ ਜ਼ਿਲ੍ਹੇ ਮੁਤਾਬਿਕ) ਮੀਟਿੰਗ ਵਿੱਚ ਸ਼ਾਮਿਲ ਹੋਣ ਦੀ ਸਖ਼ਤ ਹਦਾਇਤ ਕੀਤੀ ਜਾਵੇ ਜੀ।ਮੀਟਿੰਗ ਵਿੱਚ ਸ਼ਾਮਿਲ ਹੋਣ ਵਾਲੇ ਪਲੇਸਮੈਂਟ ਅਫਸਰ +91-9478098147 ਤੇ SMS ਕਰਨ ਜੀ।

ਇਸ ਸੰਬਧੀ ਕੋਈ ਵੀ ਜਾਣਕਾਰੀ ਲੈਣ ਲਈ +91-9478098076 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਆਦਰ ਸਹਿਤ।

ਡਿਪਟੀ ਡਾਇਰੈਕਟਰ
(ਕਾਰਪੋਰੇਟ ਰਿਲੇਸ਼ਨਜ ਐਂਡ ਐਲੂਮਨੀ)

ਉਤਾਰਾ:

- ਡੀਨ (ਰਿਸਰਚ ਐਂਡ ਡਿਵੈਲਪਮੈਂਟ) ਆਈ ਕੇ ਜੀ ਪੀ ਟੀ ਯੂ ਦੀ ਜਾਣਕਾਰੀ ਹਿੱਤ।
- ਡਾਇਰੈਕਟਰ, ਆਈ ਕੇ ਜੀ ਪੀ ਟੀ ਯੂ, ਅਮ੍ਰਿਤਸਰ ਦੀ ਜਾਣਕਾਰੀ ਅਤੇ ਲੋੜੀਦੀ ਕਾਰਵਾਈ ਹਿੱਤ।
- ਡਾਇਰੈਕਟਰ, ਆਈ ਕੇ ਜੀ ਪੀ ਟੀ ਯੂ, ਮੋਹਾਲੀ ਦੀ ਜਾਣਕਾਰੀ ਅਤੇ ਲੋੜੀਦੀ ਕਾਰਵਾਈ ਹਿੱਤ।
- ਅਸਿਸਟੈਂਟ ਡਾਇਰੈਕਟਰ (ਸੀ ਆਰ ਐਂਡ ਏ), ਆਈ ਕੇ ਜੀ ਪੀ ਟੀ ਯੂ ਦੀ ਜਾਣਕਾਰੀ ਅਤੇ ਲੋੜੀਦੀ ਕਾਰਵਾਈ ਹਿੱਤ।